**Carina ਇੱਕ ਮੁਫ਼ਤ ਸੇਵਾ ਹੈ ਜੋ Medicaid ਅਤੇ Oregon Project Independence ਦੇ ਘਰੇਲੂ ਦੇਖਭਾਲ ਪ੍ਰਦਾਤਾਵਾਂ ਅਤੇ ਦੇਖਭਾਲ ਚਾਹੁਣ ਵਾਲਿਆਂ ਨੂੰ ਦੇਖਭਾਲ ਲਈ ਆਪਸ ਵਿੱਚ ਮਿਲਾਉਂਦੀ ਹੈ। ਔਨਲਾਈਨ Carina ਟੂਲ ਪੰਜਾਬੀ ਵਿੱਚ ਉਪਲਬਧ ਹੈ।**

Carina 'ਤੇ ਮੁਫ਼ਤ ਖਾਤਾ ਬਣਾਉਣ ਅਤੇ ਆਪਣੇ ਨੇੜੇ ਦੇ ਦੇਖਭਾਲ ਪ੍ਰਦਾਤਾਵਾਂ ਨੂੰ ਲੱਭਣ ਲਈ:

1. ਇਸ ਵੈੱਬਸਾਈਟ 'ਤੇ ਜਾਓ carina.org/homecare/medicaid/oregon ਜਾਂ QR ਕੋਡ ਨੂੰ ਸਕੈਨ ਕਰੋ।
2. "Join for Free" (ਮੁਫ਼ਤ ਵਿੱਚ ਸ਼ਾਮਲ ਹੋਵੋ) 'ਤੇ ਕਲਿਕ ਕਰੋ।
3. ਤੁਹਾਡੇ Oregon ਹੈਲਥ ID ਕਾਰਡ 'ਤੇ ਮੌਜੂਦ, ਤੁਹਾਡੀ ਕਲਾਇੰਟ ID (ਪ੍ਰਾਈਮ ਨੰਬਰ) ਦਰਜ ਕਰਕੇ ਇੱਕ "ਉਪਭੋਗਤਾ" ਵਜੋਂ ਸਾਈਨ-ਅੱਪ ਪੂਰਾ ਕਰੋ।
4. ਸਾਈਨ-ਅੱਪ ਪੂਰਾ ਕਰ ਲੈਣ ਤੋਂ ਬਾਅਦ, ਤੁਸੀਂ ਨੌਕਰੀਆਂ ਪੋਸਟ ਕਰ ਸਕਦੇ ਹੋ ਅਤੇ ਆਪਣੇ ਨੇੜੇ ਉਪਲਬਧ ਦੇਖਭਾਲ ਪ੍ਰਦਾਤਾਵਾਂ ਨੂੰ ਮੈਸੇਜ ਭੇਜ ਸਕਦੇ ਹੋ। ਇੱਛੁਕ ਦੇਖਭਾਲ ਪ੍ਰਦਾਤਾ ਵੀ ਤੁਹਾਨੂੰ ਮੈਸੇਜ ਭੇਜ ਸਕਦੇ ਹਨ।
5. ਸੰਭਾਵੀ ਦੇਖਭਾਲ ਪ੍ਰਦਾਤਾਵਾਂ ਦੇ ਨਾਲ, ਫ਼ੋਨ 'ਤੇ ਗੱਲਬਾਤ ਕਰਨ ਅਤੇ ਨਿੱਜੀ ਰੂਪ ਵਿੱਚ ਮਿਲ ਕੇ ਇੰਟਰਵਿਊ ਲੈਣ ਲਈ ਸਮਾਂ ਤੈਅ ਕਰੋ। ਜਦੋਂ ਤੁਹਾਨੂੰ ਸਹੀ ਦੇਖਭਾਲਕਰਤਾ ਮਿਲ ਜਾਵੇ, ਤਾਂ ਆਪਣੇ ਕੇਸ ਮੈਨੇਜਰ ਨਾਲ ਮਿਲ ਕੇ ਨਵੇਂ ਦੇਖਭਾਲ ਪ੍ਰਦਾਤਾ ਦੀ ਪੁਸ਼ਟੀ ਕਰੋ।

ਜੇ ਤੁਹਾਨੂੰ ਕੋਈ ਵੀ ਸਮੱਸਿਆ ਆਉਂਦੀ ਹੈ, ਤਾਂ ਕਿਰਪਾ ਕਰਕੇ 1-855-796-0605 'ਤੇ ਕਾਲ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ carina.org/contactus.

ਉਪਭੋਗਤਾ ਕੇਸ ਮੈਨੇਜਰ ਤੁਹਾਡੇ ਵੱਲੋਂ ਨੌਕਰੀਆਂ ਵੀ ਪੋਸਟ ਕਰ ਸਕਦੇ ਹਨ ਅਤੇ ਦੇਖਭਾਲ ਪ੍ਰਦਾਤਾਵਾਂ ਨੂੰ ਮੈਸੇਜ ਭੇਜ ਸਕਦੇ ਹਨ। ਸਹਾਇਤਾ ਲਈ ਆਪਣੇ ਕੇਸ ਮੈਨੇਜਰ ਨਾਲ ਸੰਪਰਕ ਕਰੋ।

Carewell SEIU 503, ਜੋ ਕਿ ਇੱਕ RISE Partnership ਪ੍ਰੋਗਰਾਮ ਹੈ, ਅਤੇ ਲੇਬਰ ਯੂਨੀਅਨ SEIU Local 503 ਵਿਚਾਲੇ ਸਾਂਝੇ ਸਹਿਯੋਗ ਨਾਲ ਅਤੇ ਇਸਦੇ ਨਾਲ ਹੀ Oregon Home Care Commission (OHCC) ਦੇ ਸਹਿਯੋਗ ਨਾਲ, Carina 100% ਮੁਫ਼ਤ ਹੈ। ਸਾਰੇ Carina ਉਪਭੋਗਤਾਵਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ।

Delivered by RISE Partnership